# Cisco Webex ਤੇ ਵਿਆਖਿਆ ਨਾਲ ਕਨੈਕਟ ਕਰਨਾ – *ਤੇਜ਼ ਸ਼ੁਰੂਆਤ ਗਾਈਡ*

Cisco Webex ਇੱਕ ਅਜਿਹਾ ਟੈਕਨਾਲੋਜੀ ਪ੍ਰੋਗਰਾਮ ਹੈ, ਜੋ ਲੋਕਾਂ ਨੂੰ ਵੀਡੀਓ ਦੁਆਰਾ ਕਿਸੇ ਵੀ ਸਥਾਨ ਤੋਂ ਇੱਕੋ ਮੀਟਿੰਗ ਵਿੱਚ ਕਨੈਕਟ ਹੋਣ ਦਿੰਦਾ ਹੈ। ਅਦਾਲਤੀ ਕਾਰਵਾਈ ਕਰਨ ਲਈ ਤੁਹਾਡੀ ਅਦਾਲਤ Webex ਦੀ ਵਰਤੋਂ ਕਰ ਸਕਦੀ ਹੈ। ਇਹ ਗਾਈਡ ਤੁਹਾਨੂੰ ਦੱਸੇਗੀ ਕਿ ਜੇਕਰ ਤੁਸੀਂ ਆਪਣੀ ਅਦਾਲਤੀ ਕਾਰਵਾਈ ਲਈ ਕਿਸੇ ਦੁਭਾਸ਼ੀਏ ਦੀ ਮੰਗ ਕੀਤੀ ਹੈ, ਤਾਂ Webex ਤੇ ਆਪਣੇ ਦੁਭਾਸ਼ੀਏ ਨਾਲ ਕਿਵੇਂ ਕਨੈਕਟ ਕਰਨਾ ਹੈ। *ਕਿਰਪਾ ਕਰਕੇ ਨੋਟ ਕਰੋ: ਇੱਥੇ ਦਿੱਤੀ ਗਈ ਜਾਣਕਾਰੀ Webex ਦੇ ਭਵਿੱਖ ਦੇ ਅੱਪਡੇਟਾਂ ਨਾਲ ਬਦਲ ਸਕਦੀ ਹੈ।*

ਇਹ ਗਾਈਡ ਕੰਪਿਊਟਰਾਂ, ਟੈਬਲੇਟਾਂ ਜਾਂ ਸਮਾਰਟਫ਼ੋਨਾਂ ਨਾਲ ਵਰਤਣ ਲਈ ਹੈ। *ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਤੁਸੀਂ ਇਸ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਤੱਕ ਵੱਧ ਪਹੁੰਚ ਪ੍ਰਾਪਤ ਕਰਨ ਲਈ ਆਪਣੇ ਉਪਕਰਣ ਤੇ ਮੁਫ਼ਤ Webex ਐਪਲੀਕੇਸ਼ਨ ਨੂੰ ਡਾਊਨਲੋਡ ਕਰੋ।* ਜੇਕਰ ਤੁਸੀਂ ਕੰਪਿਊਟਰ, ਟੈਬਲੇਟ, ਜਾਂ ਸਮਾਰਟਫ਼ੋਨ ਤੇ Webex ਨੂੰ ਐਕਸੈਸ ਨਹੀਂ ਕਰ ਸਕਦੇ ਹੋ, ਤਾਂ ਅਦਾਲਤ ਨਾਲ ਸੰਪਰਕ ਕਰੋ।

## 1 ਮੀਟਿੰਗ ਵਿੱਚ ਸ਼ਾਮਲ ਹੋਵੋ

ਅਦਾਲਤ ਤੋਂ ਤੁਹਾਨੂੰ ਪ੍ਰਾਪਤ ਹੋਣ ਵਾਲਾ Webex ਮੀਟਿੰਗ ਦਾ ਸੱਦਾ ਖੋਲ੍ਹੋ। ਮੀਟਿੰਗ ਦੇ ਸੱਦੇ ਦੇ ਸਿਖਰ ਤੇ "Join meeting (ਮੀਟਿੰਗ ਵਿੱਚ ਸ਼ਾਮਲ ਹੋਵੋ)" ਬਟਨ ਨੂੰ ਚੁਣੋ। ਜਾਂ ਮੀਟਿੰਗ ਦਾ ਲਿੰਕ ਚੁਣੋ। *ਕੁਝ ਮਿੰਟ ਪਹਿਲਾਂ ਸ਼ਾਮਲ ਹੋਣਾ ਯਕੀਨੀ ਬਣਾਓ।*

*ਅਦਾਲਤ ਦੀ ਵੈੱਬਸਾਈਟ ਵਿੱਚ ਵੀਡੀਓ ਜਾਂ ਫ਼ੋਨ ਰਾਹੀਂ ਪੇਸ਼ ਹੋਣ ਲਈ ਸਿੱਧੇ ਲਿੰਕ ਵੀ ਸ਼ਾਮਲ ਹੋ ਸਕਦੇ ਹਨ।*




"Join meeting (ਮੀਟਿੰਗ ਵਿੱਚ ਸ਼ਾਮਲ ਹੋਵੋ)" ਬਟਨ ਚੁਣੋ

ਲਿੰਕ ਚੁਣੋ




## 2 ਆਪਣੀ ਜਾਣਕਾਰੀ ਦਾਖ਼ਲ ਕਰੋ

ਆਪਣਾ ਨਾਮ (ਲੋੜੀਂਦਾ) ਅਤੇ ਈਮੇਲ ਪਤਾ (ਵਿਕਲਪਿਕ) ਦਾਖ਼ਲ ਕਰੋ। "Next (ਅਗਲਾ)" ਜਾਂ "Join as a guest (ਇੱਕ ਮਹਿਮਾਨ ਵਜੋਂ ਸ਼ਾਮਲ ਹੋਵੋ)" ਚੁਣੋ।

*ਆਪਣਾ ਪੂਰਾ ਨਾਮ ਦਾਖ਼ਲ ਕਰਨਾ ਯਕੀਨੀ ਬਣਾਓ, ਤਾਂ ਜੋ ਅਦਾਲਤ ਤੁਹਾਡੀ ਪਛਾਣ ਕਰ ਸਕੇ। ਤੁਸੀਂ ਮੀਟਿੰਗ ਵਿੱਚ ਇੱਕ ਵਾਰ ਆਪਣਾ ਨਾਮ ਬਦਲਣ ਦੇ ਯੋਗ ਨਹੀਂ ਹੋਵੋਗੇ।*




ਇੱਕ ਕੰਪਿਊਟਰ ਤੇ




ਇੱਕ ਟੈਬਲੇਟ ਜਾਂ ਸਮਾਰਟਫ਼ੋਨ ਤੇ

***ਨੋਟ (ਸਿਰਫ਼ ਕੰਪਿਊਟਰ ਐਕਸੈਸ):***

*ਇਹਨਾਂ ਕਦਮਾਂ ਦੇ ਵਿਚਕਾਰ, Webex ਤੁਹਾਨੂੰ Webex ਐਪਲੀਕੇਸ਼ਨ ਦੀ ਵਰਤੋਂ ਕਰਨ ਦਾ ਸੰਕੇਤ ਦੇ ਸਕਦਾ ਹੈ। ਜੇਕਰ ਤੁਸੀਂ ਪਹਿਲਾਂ ਆਪਣੀ ਡਿਵਾਈਸ ਤੇ Webex ਐਪਲੀਕੇਸ਼ਨ ਨੂੰ ਡਾਊਨਲੋਡ ਨਹੀਂ ਕੀਤਾ ਹੈ, ਤਾਂ "Join from your browser (ਆਪਣੇ ਬ੍ਰਾਊਜ਼ਰ ਤੋਂ ਸ਼ਾਮਲ ਹੋਵੋ)" ਨੂੰ ਚੁਣੋ।*




## 3 WEBEX ਨੂੰ ਤੁਹਾਡੇ ਕੈਮਰੇ ਅਤੇ ਮਾਈਕ੍ਰੋਫ਼ੋਨ ਨੂੰ ਐਕਸੈਸ ਕਰਨ ਦੀ ਇਜਾਜ਼ਤ ਦਿਓ

ਜੇਕਰ Webex ਤੁਹਾਨੂੰ ਤੁਹਾਡੇ ਕੈਮਰੇ ਅਤੇ ਮਾਈਕ੍ਰੋਫ਼ੋਨ ਨੂੰ ਐਕਸੈਸ ਕਰਨ ਦੀ ਇਜਾਜ਼ਤ ਦੇਣ ਲਈ ਕਹਿੰਦਾ ਹੈ, ਤਾਂ "OK (ਠੀਕ ਹੈ)" ਨੂੰ ਚੁਣੋ।




ਇੱਕ ਕੰਪਿਊਟਰ ਤੇ




ਇੱਕ ਟੈਬਲੇਟ ਜਾਂ ਸਮਾਰਟਫ਼ੋਨ ਤੇ

## 4 ਆਪਣੇ ਮਾਈਕ੍ਰੋਫ਼ੋਨ ਨੂੰ ਮਿਊਟ ਕਰੋ ਅਤੇ ਆਪਣੀ ਵੀਡੀਓ ਚਾਲੂ ਕਰੋ

ਤੁਹਾਨੂੰ ਇੱਕ ਵਰਚੁਅਲ ਲਾਬੀ ਵਿੱਚ ਰੱਖਿਆ ਜਾਵੇਗਾ। ਇੱਥੋਂ, ਆਪਣੇ ਮਾਈਕ੍ਰੋਫ਼ੋਨ ਨੂੰ ਮਿਊਟ ਕਰੋ ਅਤੇ ਆਪਣੀ ਵੀਡੀਓ ਚਾਲੂ ਕਰੋ। ਜਦੋਂ ਤੁਹਾਡੇ ਮਾਈਕ੍ਰੋਫ਼ੋਨ ਜਾਂ ਕੈਮਰਾ ਆਈਕੋਨ ਵਿੱਚ ਇੱਕ ਲਾਲ ਰੰਗ ਦੀ ਸਲੈਸ਼ ਹੁੰਦੀ ਹੈ, ਤਾਂ ਉਹ ਬੰਦ ਹੋ ਜਾਂਦੇ ਹਨ। ਯਕੀਨੀ ਬਣਾਓ ਕਿ ਤੁਹਾਡੇ ਮਾਈਕ੍ਰੋਫ਼ੋਨ ਆਈਕੋਨ ਵਿੱਚ ਲਾਲ ਰੰਗ ਦੀ ਸਲੈਸ਼ (ਮਿਊਟ ਹੈ) ਹੈ ਅਤੇ ਇਹ ਕਿ ਤੁਹਾਡਾ ਕੈਮਰਾ (ਚਾਲੂ ਹੈ) ਨਹੀਂ ਹੈ।




ਇੱਕ ਟੈਬਲੇਟ ਜਾਂ ਸਮਾਰਟਫ਼ੋਨ ਤੇ




ਇੱਕ ਕੰਪਿਊਟਰ ਤੇ

5

## ਵਿਆਖਿਆ ਵਿੱਚ ਸ਼ਾਮਲ ਹੋਵੋ

ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਵਿਆਖਿਆ ਲਈ ਆਪਣੀ ਭਾਸ਼ਾ ਚੁਣੋ।

- ਕੰਪਿਊਟਰ: ਗਲੋਬ ਆਈਕੋਨ ਚੁਣੋ। ਉਸ ਭਾਸ਼ਾ ਦੀ ਚੋਣ ਕਰਨ ਲਈ ਡ੍ਰੌਪ-ਡਾਉਨ ਮੀਨੂ ਦੀ ਵਰਤੋਂ ਕਰੋ, ਜਿਸ ਵਿੱਚ ਤੁਸੀਂ ਬੋਲਣਾ ਅਤੇ ਸੁਣਨਾ ਚਾਹੁੰਦੇ ਹੋ।
- ਟੈਬਲੇਟ ਜਾਂ ਸਮਾਰਟਫੋਨ: "More" (ਹੋਰ) ਤਿੰਨ ਬਿੰਦੀਆਂ) ਮੀਨੂ ਤੇ ਜਾਓ। ਖੱਬੀ "Advanced" (ਐਡਵਾਂਸਡ) ਟੈਬ ਤੇ ਟੈਪ ਕਰੋ, ਫਿਰ " "Interpretation" (ਵਿਆਖਿਆ) ਚੁਣੋ। ਉਸ ਭਾਸ਼ਾ ਦੀ ਚੋਣ ਕਰੋ, ਜਿਸ ਵਿੱਚ ਤੁਸੀਂ ਬੋਲਣਾ ਅਤੇ ਸੁਣਨਾ ਚਾਹੁੰਦੇ ਹੋ।

*ਨੋਟ: ਤੁਸੀਂ ਦੁਭਾਸ਼ੀਏ ਅਤੇ ਅਸਲ ਸਪੀਕਰਾਂ ਦੇ ਵਿਚਕਾਰ ਇੱਛਤ ਵਾਲੀਅਮ ਦੇ ਅਨੁਪਾਤ ਨੂੰ ਅਨੁਕੂਲ ਕਰਨ ਲਈ ਸਲਾਈਡਰ ਦੀ ਵਰਤੋਂ ਕਰ ਸਕਦੇ ਹੋ।*




*ਨੋਟ: ਹੋਸਟ ਦੁਆਰਾ ਦੇਖੇ ਜਾਣ ਅਤੇ ਮੀਟਿੰਗ ਵਿੱਚ ਦਾਖ਼ਲ ਹੋਣ ਲਈ ਤੁਹਾਨੂੰ "Join (ਸ਼ਾਮਲ ਹੋਵੋ)" ਜਾਂ "Join meeting (ਮੀਟਿੰਗ ਵਿੱਚ ਸ਼ਾਮਲ ਹੋਵੋ)" ਦੀ ਚੋਣ ਕਰਨੀ ਚਾਹੀਦੀ ਹੈ।*



## ਤੁਹਾਡੀ ਵਿਆਖਿਆ ਕੀਤੀ ਦੂਰ-ਦੁਰਾਂਡੇ ਦੀ ਅਦਾਲਤ ਦੀ ਕਾਰਵਾਈ ਵਿੱਚ ਭਾਗ ਲੈਣ ਲਈ ਸੁਝਾਅ

1. ਇੱਕ ਅਜਿਹਾ ਸ਼ਾਂਤ ਸਥਾਨ ਚੁਣੋ, ਜਿੱਥੇ ਤੁਸੀਂ ਬਿਨਾਂ ਕਿਸੇ ਰੁਕਾਵਟ ਦੇ ਅਤੇ ਕੰਮ ਜਾਂ ਗੱਡੀ ਚਲਾਉਣ ਵਰਗੇ ਹੋਰ ਕੰਮ ਕੀਤੇ ਬਿਨਾਂ ਕੁਝ ਘੰਟਿਆਂ ਤੱਕ ਠਹਿਰ ਸਕਦੇ ਹੋ। ਇਹ ਗੱਲ ਦੀ ਬਹੁਤ ਜ਼ਿਆਦਾ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਘਰ ਦਾ ਇੱਕ ਸ਼ਾਂਤ ਖੇਤਰ ਜਾਂ ਇੱਕ ਨਿੱਜੀ ਸਥਾਨ ਚੁਣੋ।
2. ਇਹ ਜਾਂਚ ਕਰੋ ਕਿ ਤੁਹਾਡਾ ਪਿਛੋਕੜ ਅਦਾਲਤ ਲਈ ਢੁਕਵਾਂ ਹੈ।
3. ਅਦਾਲਤ ਦੇ ਕੈਲੰਡਰ ਤੇ ਨਿਰਭਰ ਕਰਦਿਆਂ, ਤੁਹਾਨੂੰ ਆਪਣੇ ਕੇਸ ਲਈ ਬੁਲਾਏ ਜਾਣ ਲਈ ਕੁਝ ਸਮਾਂ ਉਡੀਕ ਕਰਨੀ ਪੈ ਸਕਦੀ ਹੈ। ਤੁਹਾਡੇ ਕੇਸ ਲਈ ਬੁਲਾਉਣ ਤੱਕ ਤੁਹਾਨੂੰ ਉਡੀਕ ਕਮਰੇ ਵਿੱਚ ਰੱਖਿਆ ਜਾ ਸਕਦਾ ਹੈ।
4. ਢੁਕਵੇਂ ਕਪੜੇ ਪਾਉ। ਭਾਵੇਂ ਤੁਸੀਂ ਵਿਅਕਤੀਗਤ ਤੌਰ ਤੇ ਅਦਾਲਤ ਵਿੱਚ ਨਹੀਂ ਜਾ ਰਹੇ ਹੋ, ਤੁਹਾਡੇ ਦੁਆਰਾ ਚੁਣੇ ਗਏ ਕੱਪੜੇ ਅਦਾਲਤ ਲਈ ਸਨਮਾਨਯੋਗ ਹੋਣੇ ਚਾਹੀਦੇ ਹਨ। ਕੋਈ ਅਜਿਹੀ ਚੀਜ਼ ਚੁਣੋ, ਜੋ ਤੁਸੀਂ ਕਿਸੇ ਪੇਸ਼ੇਵਰ ਦਫ਼ਤਰ ਜਾਂ ਵਪਾਰਕ ਸੈਟਿੰਗ ਵਿੱਚ ਪਹਿਨ ਸਕਦੇ ਹੋ।
5. ਦੁਭਾਸ਼ੀਏ ਦੇ ਮਾਧਿਅਮ ਰਾਹੀਂ ਸਿਰਫ਼ ਆਪਣੀ ਭਾਸ਼ਾ ਵਿੱਚ ਸੁਣੋ ਅਤੇ ਬੋਲੋ।
6. ਹੌਲੀ-ਹੌਲੀ ਬੋਲੋ ਅਤੇ ਅਕਸਰ ਰੁਕੋ, ਤਾਂ ਜੋ ਦੁਭਾਸ਼ੀਏ ਵਿਆਖਿਆ ਕਰ ਸਕੇ। ਤੁਸੀਂ ਦੁਭਾਸ਼ੀਏ ਨੂੰ ਵਿਆਖਿਆ ਨੂੰ ਦੁਹਰਾਉਣ ਜਾਂ ਵਿਆਖਿਆ ਕਰਨ ਲਈ ਕਹਿ ਸਕਦੇ ਹੋ। ਹਾਲਾਂਕਿ, ਜੱਜ ਜਾਂ ਤੁਹਾਡੇ ਵਕੀਲ ਨੂੰ ਕਾਨੂੰਨੀ ਸ਼ਰਤਾਂ ਦੀ ਵਿਆਖਿਆ ਕਰਨੀ ਚਾਹੀਦੀ ਹੈ।
7. ਜੱਜ ਨੂੰ “Your Honor (ਯੂਅਰ ਆਨਰ)” ਕਹਿ ਕੇ ਸੰਬੋਧਨ ਕਰੋ।
8. ਜੇਕਰ ਤੁਸੀਂ ਸੁਣ ਨਹੀਂ ਸਕਦੇ ਜਾਂ ਜੇਕਰ ਤੁਹਾਨੂੰ ਕੋਈ ਤਕਨੀਕੀ ਮੁਸ਼ਕਲ ਆ ਰਹੀ ਹੈ, ਤਾਂ ਜੱਜ ਨੂੰ ਦੱਸੋ।
9. ਵਿਘਨ ਨਾ ਪਾਓ। ਜੇਕਰ ਤੁਹਾਡੇ ਕੋਲ ਕੋਈ ਸਵਾਲ ਹੈ, ਤਾਂ ਤੁਸੀਂ ਟੂਲਬਾਰ ਤੇ "Reactions (ਪ੍ਰਤੀਕਿਰਿਆਵਾਂ)" ਦੇ ਹੇਠਾਂ "Raise Hand (ਹੱਥ ਖੜ੍ਹਾ ਕਰੋ)" ਆਈਕੋਨ ਦੀ ਵਰਤੋਂ ਕਰ ਸਕਦੇ ਹੋ। ਦੂਜਿਆਂ ਨੂੰ ਸੁਚੇਤ ਕਰਨ ਲਈ ਤੁਹਾਡੇ ਨਾਮ ਅਤੇ ਵੀਡੀਓ ਦੇ ਅੱਗੇ ਇਹ ਇੱਕ ਛੋਟਾ ਜਿਹਾ ਹੱਥ ਹੋਵੇਗਾ ਕਿ ਤੁਹਾਡੇ ਕੋਲ ਕੋਈ ਸਵਾਲ ਹੈ।
10. ਹਰ ਸਮੇਂ ਕੈਮਰੇ ਤੇ ਮੌਜੂਦ ਰਹੋ। ਯਾਦ ਰੱਖੋ ਕਿ ਤੁਹਾਡਾ ਕੈਮਰਾ ਚਾਲੂ ਹੋਣ ਤੇ ਹੋਰ ਲੋਕ ਤੁਹਾਨੂੰ ਦੇਖ ਸਕਣਗੇ।
11. ਜਦੋਂ ਤੁਸੀਂ ਬੋਲ ਨਾ ਰਹੇ ਹੋਵੋ, ਉਦੋਂ ਤੱਕ ਚੁੱਪ ਰਹੋ। ਯਾਦ ਰੱਖੋ ਕਿ ਜਦੋਂ ਤੱਕ ਤੁਹਾਡਾ ਮਾਈਕ੍ਰੋਫ਼ੋਨ ਮਿਊਟ ਨਹੀਂ ਹੁੰਦਾ, ਉਦੋਂ ਤੱਕ ਹੋਰ ਲੋਕ ਤੁਹਾਨੂੰ ਸੁਣ ਸਕਣਗੇ।
12. ਦੂਰ ਦੀ ਅਦਾਲਤੀ ਕਾਰਵਾਈ ਵਿੱਚ ਸ਼ਾਮਲ ਹੋਣ ਬਾਰੇ ਹੋਰ ਜਾਣਕਾਰੀ ਲਈ ਕੈਲੀਫੋਰਨਿਆ ਦੀ ਜੁਡੀਸ਼ੀਅਲ ਕੌਂਸਲ ਦੇ ਵੀਡੀਓ ਰਿਮੋਟ ਇੰਟਰਪ੍ਰੇਟਿੰਗ (Video Remote Interpreting, VRI) ਵੈੱਬਪੇਜ ਤੇ ਜਾਓ।